


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Friday 08 May, 2026 | website: www.cee7news.com

## 32 ਨਵੇਂ ਮੰਤਰੀਆਂ ਨੂੰ ਚੁਕਾਈ ਅਹੁਦੇ ਦੀ ਸਹੁੰ



ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਦੇ ਮੰਤਰੀ ਮੰਡਲ ਦਾ ਗਠਨ ਹੋਣ ਤੋਂ 22 ਦਿਨਾਂ ਬਾਅਦ ਵੀਰਵਾਰ ਨੂੰ ਪਹਿਲਾ ਵਿਸਥਾਰ ਹੋਇਆ, ਜਿਸ ਵਿੱਚ 32 ਨਵੇਂ ਮੰਤਰੀ ਸ਼ਾਮਲ ਕੀਤੇ ਗਏ। ਰਾਜਪਾਲ ਸਈਦ ਅਤਾ ਹਸਨੈਨ ਨੇ ਇਤਿਹਾਸਕ ਗਾਂਧੀ ਮੈਦਾਨ ਵਿੱਚ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਵਿੱਚ ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ।ਮੰਤਰੀ ਮੰਡਲ ਵਿਸਥਾਰ ਵਿੱਚ ਮਿਥਲੇਸ਼ ਤਿਵਾੜੀ, ਨਿਤੀਸ਼ ਮਿਸ਼ਰਾ, ਰਾਮਚੰਦਰ ਪ੍ਰਸਾਦ, ਨੰਦ ਕਿਸ਼ੋਰ ਰਾਮ ਅਤੇ ਕੇਦਾਰ ਗੁਪਤਾ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੋਟੇ ਤੋਂ ਮੰਤਰੀ ਨਿਯੁਕਤ ਕੀਤਾ ਗਿਆ ਸੀ। ਇਸ ਵਿਸਥਾਰ ਵਿੱਚ ਸਾਬਕਾ ਕੇਂਦਰੀ ਮੰਤਰੀ ਮੰਗਲ ਪਾਂਡੇ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ।ਗਾਂਧੀ ਮੈਦਾਨ ਦੇ ਇੱਕ ਵੱਡੇ ਪੰਡਾਲ ਵਿੱਚ ਦੁਪਹਿਰ 12:10 ਵਜੇ ਸ਼ੁਰੂ ਹੋਏ ਇਸ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਸਮੇਤ ਕਈ ਸੀਨੀਅਰ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐਨਡੀਏ) ਦੇ ਨੇਤਾ ਮੌਜੂਦ ਸਨ।ਲੋਕ ਭਵਨ (ਰਾਜਭਵਨ) ਕੰਪਲੈਕਸ ਦੇ ਬਾਹਰ ਇੱਕ ਵੱਡੇ ਪੱਧਰ 'ਤੇ ਕੈਬਨਿਟ ਵਿਸਥਾਰ ਸਮਾਰੋਹ ਆਯੋਜਿਤ ਕੀਤਾ ਗਿਆ। ਭਾਜਪਾ ਦੀ ਅਗਵਾਈ ਵਾਲੀ ਬਿਹਾਰ ਸਰਕਾਰ ਵਿੱਚ ਨਵੇਂ ਮੰਤਰੀਆਂ ਵਿੱਚ, ਜਨਤਾ ਦਲ ਯੂਨਾਈਟਿਡ (ਜੇਡੀਯੂ) ਦੇ ਰਾਸ਼ਟਰੀ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਪੁੱਤਰ ਨਿਸ਼ਾਂਤ ਕੁਮਾਰ ਅਤੇ ਰਾਸ਼ਟਰੀ ਲੋਕ ਮੋਰਚਾ (ਆਰਐਲਐਮ) ਦੇ ਪ੍ਰਧਾਨ ਉਪੇਂਦਰ ਕੁਸ਼ਵਾਹਾ ਦੇ ਪੁੱਤਰ ਦੀਪਕ ਪ੍ਰਕਾਸ਼ ਨੂੰ ਵੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ। ਕੈਬਨਿਟ ਵਿਸਥਾਰ ਵਿੱਚ ਨਿਤੀਸ਼ ਕੁਮਾਰ ਸਰਕਾਰ ਦੇ ਜ਼ਿਆਦਾਤਰ ਸਾਬਕਾ ਮੰਤਰੀਆਂ ਨੂੰ ਬਹਾਲ ਕੀਤਾ ਗਿਆ, ਜਦੋਂ ਕਿ ਕਈ ਨਵੇਂ ਚਿਹਰਿਆਂ ਨੂੰ ਵੀ ਜਗ੍ਹਾ ਮਿਲੀ। ਭਾਜਪਾ ਕੋਟੇ ਤੋਂ ਵਿਜੇ ਕੁਮਾਰ ਸਿਨਹਾ, ਰਾਮਕ੍ਰਿਪਾਲ ਯਾਦਵ, ਕੇਦਾਰ ਗੁਪਤਾ, ਨਿਤੀਸ਼ ਮਿਸ਼ਰਾ, ਮਿਥਿਲੇਸ਼ ਤਿਵਾਰੀ, ਰਮਾ ਨਿਸ਼ਾਦ, ਦਿਲੀਪ ਜੈਸਵਾਲ, ਸ਼੍ਰੇਅਸੀ ਸਿੰਘ, ਪ੍ਰਮੋਦ ਚੰਦਰਵੰਸ਼ੀ, ਲਖਵਿੰਦਰ ਪਾਸਵਾਨ, ਸੰਜੇ ਟਾਈਗਰ, ਇੰਜਨੀਅਰ ਕੁਮਾਰ ਸ਼ੈਲੇਂਦਰ, ਨੰਦ ਕਿਸ਼ੋਰ ਪ੍ਰਸਾਦ ਰਾਮ, ਅਰਚਨਚੰਦਰ ਰਾਮ, ਰਾਮਾ ਨਿਸ਼ਾਦ ਨੂੰ ਮੰਤਰੀ ਨਿਯੁਕਤ ਕੀਤਾ ਗਿਆ ਹੈ।

## Cee7news ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਦੀ ਖ਼ਬਰ 'ਤੇ ਆਧਾਰਿਤ

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ: 'ਸ਼ੁਕਰਾਨਾ ਯਾਤਰਾ' ਅਤੇ ਪੰਜਾਬ ਦੀ ਸ਼ਾਂਤੀ ਲਈ ਅਰਦਾਸ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਅੰਮ੍ਰਿਤਸਰ ਵਿਖੇ ਸਥਿਤ ਸਿੱਖਾਂ ਦੇ ਸਰਵਉੱਚ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਵਿਖੇ ਨਤਮਸਤਕ ਹੋਏ। ਮੁੱਖ ਮੰਤਰੀ ਦੀ ਇਹ ਫੇਰੀ ਉਨ੍ਹਾਂ ਦੀ ਰਾਜ ਵਿਆਪੀ 'ਸ਼ੁਕਰਾਨਾ ਯਾਤਰਾ' ਦਾ ਇੱਕ ਅਹਿਮ ਹਿੱਸਾ ਸੀ, ਜੋ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪਾਸ ਕੀਤੇ ਗਏ ਸਖ਼ਤ ਬੇਅਦਬੀ ਵਿਰੋਧੀ ਕਾਨੂੰਨ—'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਦੀ ਸਫ਼ਲਤਾ ਅਤੇ ਲਾਗੂ ਹੋਣ ਦੀ ਖੁਸ਼ੀ ਵਿੱਚ ਕੱਢੀ ਜਾ ਰਹੀ ਹੈ।

ਧਾਰਮਿਕ ਸ਼ਰਧਾ ਅਤੇ ਅਰਦਾਸ: ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਮੁੱਖ ਮੰਤਰੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ। ਉਨ੍ਹਾਂ ਨੇ ਪਵਿੱਤਰ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨੇ ਸੂਬੇ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਤਰੱਕੀ ਦੀ ਕਾਮਨਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਹੀ ਉਨ੍ਹਾਂ ਦੀ ਸਰਕਾਰ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਪਵਿੱਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਅਤੇ ਸਤਿਕਾਰ ਨੂੰ ਬਹਾਲ ਰੱਖਣ ਲਈ ਸਖ਼ਤ ਕਾਨੂੰਨ ਬਣਾਉਣ ਵਿੱਚ ਕਾਮਯਾਬ ਹੋਈ ਹੈ।

ਸ਼ੁਕਰਾਨਾ ਯਾਤਰਾ ਦਾ ਮਕਸਦ: ਭਗਵੰਤ ਮਾਨ ਨੇ ਦੱਸਿਆ ਕਿ ਇਸ ਯਾਤਰਾ ਦਾ ਮੁੱਖ ਮਕਸਦ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਇੱਥੇ ਕਿਸੇ ਵੀ ਧਰਮ ਦੇ ਅਪਮਾਨ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਨਵੇਂ ਕਾਨੂੰਨ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਉਮਰ ਕੈਦ ਤੱਕ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਨੂੰਨ ਸਿਰਫ਼ ਇੱਕ ਕਾਗਜ਼ੀ ਦਸਤਾਵੇਜ਼ ਨਹੀਂ ਹੈ, ਸਗੋਂ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਨੂੰ ਸੁਰੱਖਿਅਤ ਰੱਖਣ ਦੀ ਇੱਕ ਗਾਰੰਟੀ ਹੈ।ਸੁਰੱਖਿਆ ਚੁਣੌਤੀਆਂ ਅਤੇ ਸਿਆਸੀ ਹਾਲਾਤ

ਮੁੱਖ ਮੰਤਰੀ ਦੀ ਇਹ ਫੇਰੀ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਪੰਜਾਬ ਵਿੱਚ ਅੰਮ੍ਰਿਤਸਰ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਹਾਲ ਹੀ ਵਿੱਚ ਕੁਝ ਧਮਾਕਿਆਂ ਵਰਗੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਨੇ ਵਿਰੋਧੀ ਪਾਰਟੀਆਂ, ਖਾਸ ਕਰਕੇ ਭਾਜਪਾ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਕੁਝ ਤਾਕਤਾਂ ਆਉਣ ਵਾਲੀਆਂ ਚੋਣਾਂ ਨੂੰ ਦੇਖਦੇ ਹੋਏ ਸੂਬੇ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਪੰਜਾਬ ਦੇ ਲੋਕ ਅਜਿਹੀਆਂ ਸਾਜ਼ਿਸ਼ਾਂ ਨੂੰ ਕਦੇ ਸਫ਼ਲ ਨਹੀਂ ਹੋਣ ਦੇਣਗੇ। ਸੰਗਤਾਂ ਅਤੇ ਪ੍ਰਸ਼ਾਸਨਿਕ ਪ੍ਰਬੰਧ

ਮੁੱਖ ਮੰਤਰੀ ਦੀ ਫੇਰੀ ਦੌਰਾਨ ਅੰਮ੍ਰਿਤਸਰ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਇਸ ਦੇ ਬਾਵਜੂਦ, ਭਗਵੰਤ ਮਾਨ ਇੱਕ



ਆਮ ਸ਼ਰਧਾਲੂ ਵਾਂਗ ਨਿਮਰਤਾ ਸਹਿਤ ਗੁਰੂ ਘਰ ਪਹੁੰਚੇ। ਉਨ੍ਹਾਂ ਨਾਲ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਵੀ ਮੌਜੂਦ ਸਨ। ਐਸ.ਜੀ.ਪੀ.ਸੀ. ਦੇ ਅਹੁਦੇਦਾਰਾਂ ਵੱਲੋਂ ਵੀ ਮਰਿਆਦਾ ਅਨੁਸਾਰ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।

ਭਵਿੱਖ ਦਾ ਰੋਡਮੈਪ

ਅੰਮ੍ਰਿਤਸਰ ਤੋਂ ਬਾਅਦ ਇਹ ਯਾਤਰਾ ਤਰਨਤਾਰਨ ਅਤੇ ਹੋਰ ਧਾਰਮਿਕ ਅਸਥਾਨਾਂ ਵੱਲ ਰਵਾਨਾ ਹੋਈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਦਾ ਅਗਲਾ ਟੀਚਾ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਨਾਲ-ਨਾਲ ਨਸ਼ਾ ਮੁਕਤ ਅਤੇ ਅਪਰਾਧ ਮੁਕਤ ਕਰਨਾ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚ ਅਫਵਾਹਾਂ ਤੋਂ ਬਚਣ ਅਤੇ ਆਪਸੀ ਭਾਈਚਾਰਾ ਬਣਾਈ ਰੱਖਣ।

ਇਸ ਤਰ੍ਹਾਂ, ਮੁੱਖ ਮੰਤਰੀ ਭਗਵੰਤ ਮਾਨ ਦੀ ਸ੍ਰੀ ਦਰਬਾਰ ਸਾਹਿਬ ਦੀ ਇਹ ਫੇਰੀ ਨਾ ਸਿਰਫ਼ ਇੱਕ ਧਾਰਮਿਕ ਯਾਤਰਾ ਸੀ, ਸਗੋਂ ਪੰਜਾਬ ਦੀ ਜਨਤਾ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਵੀ ਸੀ ਕਿ ਸਰਕਾਰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸੂਬੇ ਦੀ ਸੁਰੱਖਿਆ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ।

## Cee7news (ED) ਦੀ ਇੱਕ ਵੱਡੀ ਛਾਪੇਮਾਰੀ ਦੌਰਾਨ ਬੇਹੱਦ ਡਰਾਮਾਈ ਘਟਨਾਕ੍ਰਮ ਦੇਖਣ ਨੂੰ ਮਿਲਿਆ ਹੈ

# ਵਿਅਕਤੀਆਂ ਨੇ ਕਥਿਤ ਤੌਰ 'ਤੇ ਸਬੂਤ ਮਿਟਾਉਣ ਜਾਂ ਨਕਦੀ ਛੁਪਾਉਣ ਦੀ ਕੋਸ਼ਿਸ਼ ਵਿੱਚ ਨੌਵੀਂ ਮੰਜ਼ਿਲ ਤੋਂ ਬੈਗ ਹੇਠਾਂ ਸੁੱਟ ਦਿੱਤੇ

ਖ਼ਬਰਾਂ ਮੁਤਾਬਕ, ਮੋਹਾਲੀ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ED) ਦੀ ਇੱਕ ਵੱਡੀ ਛਾਪੇਮਾਰੀ ਦੌਰਾਨ ਬੇਹੱਦ ਡਰਾਮਾਈ ਘਟਨਾਕ੍ਰਮ ਦੇਖਣ ਨੂੰ ਮਿਲਿਆ ਹੈ। ਇਹ ਛਾਪੇਮਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਇੱਕ ਕਥਿਤ ਕਰੀਬੀ ਸਹਿਯੋਗੀ ਨਾਲ ਸਬੰਧਤ ਇਮਾਰਤ 'ਤੇ ਕੀਤੀ ਗਈ ਸੀ। ਇਸ ਕਾਰਵਾਈ ਨੇ ਪੰਜਾਬ ਦੀ ਸਿਆਸਤ ਵਿੱਚ ਭੂਚਾਲ ਲਿਆ ਦਿੱਤਾ ਹੈ, ਖਾਸ ਕਰਕੇ ਉਸ ਸਮੇਂ ਜਦੋਂ ਸੂਬੇ ਵਿੱਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਪਹਿਲਾਂ ਹੀ ਗਰਮਾ-ਗਰਮੀ ਚੱਲ ਰਹੀ ਹੈ।ਘਟਨਾ ਦਾ ਵੇਰਵਾ ਅਤੇ ਡਰਾਮਾਈ ਦ੍ਰਿਸ਼ ਮੋਹਾਲੀ ਦੇ ਸੈਕਟਰ 70 ਸਥਿਤ ਇੱਕ ਆਲੀਸ਼ਾਨ ਰਿਹਾਇਸ਼ੀ/ਵਪਾਰਕ ਕੰਪਲੈਕਸ ਵਿੱਚ ਜਦੋਂ ਈਡੀ ਦੀਆਂ ਟੀਮਾਂ ਤੜਕੇ ਪਹੁੰਚੀਆਂ, ਤਾਂ ਉੱਥੇ ਮੌਜੂਦ ਲੋਕਾਂ ਵਿੱਚ ਹੜਕੰਪ ਮਚ ਗਿਆ। ਸਭ ਤੋਂ ਹੈਰਾਨੀਜਨਕ ਪਹਿਲੂ ਇਹ ਰਿਹਾ ਕਿ ਜਦੋਂ ਈਡੀ ਦੇ ਅਧਿਕਾਰੀ ਨੌਵੀਂ ਮੰਜ਼ਿਲ 'ਤੇ ਸਥਿਤ ਫਲੈਟ/ਦਫ਼ਤਰ ਦੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਅੰਦਰ ਮੌਜੂਦ ਵਿਅਕਤੀਆਂ ਨੇ ਕਥਿਤ ਤੌਰ 'ਤੇ ਸਬੂਤ ਮਿਟਾਉਣ ਜਾਂ ਨਕਦੀ ਛੁਪਾਉਣ ਦੀ ਕੋਸ਼ਿਸ਼ ਵਿੱਚ ਨੌਵੀਂ ਮੰਜ਼ਿਲ ਤੋਂ ਬੈਗ ਹੇਠਾਂ ਸੁੱਟ ਦਿੱਤੇ।ਚਸ਼ਮਦੀਦਾਂ ਅਤੇ ਰਿਪੋਰਟਾਂ ਅਨੁਸਾਰ, ਜਦੋਂ ਇਹ ਬੈਗ ਹੇਠਾਂ ਡਿੱਗੇ ਤਾਂ ਉਹ ਖੁੱਲ੍ਹ ਗਏ ਅਤੇ ਹਵਾ ਵਿੱਚ 500-500 ਰੁਪਏ ਦੇ ਨੋਟਾਂ ਦੀ ਬਾਰਿਸ਼ ਹੋਣ ਲੱਗੀ। ਇੰਨਾ ਹੀ ਨਹੀਂ, ਬੈਗਾਂ ਵਿੱਚੋਂ ਕਥਿਤ ਤੌਰ 'ਤੇ ਕੀਮਤੀ ਬਰੇਸਲੇਟ ਅਤੇ ਗਹਿਣੇ ਵੀ ਹੇਠਾਂ ਡਿੱਗਦੇ ਦੇਖੇ ਗਏ। ਇਹ ਦ੍ਰਿਸ਼ ਕਿਸੇ ਫਿਲਮੀ ਸੀਨ ਵਰਗਾ ਸੀ, ਜਿਸ ਨੂੰ ਦੇਖ ਕੇ ਆਸ-ਪਾਸ ਦੇ ਲੋਕ ਅਤੇ ਸੁਰੱਖਿਆ ਕਰਮੀ ਦੰਗ ਰਹਿ ਗਏ।ਈਡੀ ਦੀ ਕਾਰਵਾਈ ਦਾ ਕਾਰਨ ਸੂਤਰਾਂ ਅਨੁਸਾਰ, ਇਹ ਛਾਪੇਮਾਰੀ ਮਨੀ ਲਾਂਡਰਿੰਗ ਅਤੇ ਪੰਜਾਬ ਵਿੱਚ ਚੱਲ ਰਹੇ ਕੁਝ ਵੱਡੇ ਵਿੱਤੀ ਘਪਲਿਆਂ ਦੀ ਜਾਂਚ ਦੇ ਸਬੰਧ ਵਿੱਚ ਕੀਤੀ ਗਈ ਹੈ। ਈਡੀ ਪਿਛਲੇ ਕਾਫੀ ਸਮੇਂ ਤੋਂ ਕੁਝ ਅਜਿਹੇ ਨੈੱਟਵਰਕਾਂ ਦੀ ਨਿਸ਼ਾਨਦੇਹੀ ਕਰ ਰਹੀ ਸੀ, ਜੋ ਕਥਿਤ ਤੌਰ 'ਤੇ ਸਿਆਸੀ ਸਰਪ੍ਰਸਤੀ ਹੇਠ ਗੈਰ-ਕਾਨੂੰਨੀ ਲੈਣ-ਦੇਣ ਕਰ ਰਹੇ ਹਨ। ਮੁੱਖ ਮੰਤਰੀ ਦੇ ਕਰੀਬੀ ਦਾ ਨਾਮ ਆਉਣ ਕਾਰਨ ਇਹ ਮਾਮਲਾ ਹੋਰ ਵੀ ਸੰਵੇਦਨਸ਼ੀਲ ਹੋ ਗਿਆ ਹੈ।ਜਾਂਚ ਏਜੰਸੀ ਨੂੰ ਸ਼ੱਕ ਹੈ ਕਿ ਇਸ ਇਮਾਰਤ ਦੀ ਵਰਤੋਂ ਕਾਲੇ ਧਨ ਨੂੰ ਸਫੈਦ ਕਰਨ ਅਤੇ ਨਕਦੀ ਦੇ ਗੈਰ-ਕਾਨੂੰਨੀ ਭੰਡਾਰਨ ਲਈ ਕੀਤੀ ਜਾ ਰਹੀ ਸੀ। ਨੌਵੀਂ ਮੰਜ਼ਿਲ ਤੋਂ ਬੈਗ ਸੁੱਟਣ ਦੀ ਘਟਨਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਅੰਦਰ ਮੌਜੂਦ ਲੋਕਾਂ ਨੂੰ ਈਡੀ ਦੀ ਕਾਰਵਾਈ ਦਾ ਡਰ ਸੀ ਅਤੇ ਉਹ ਤੁਰੰਤ ਸਬੂਤਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ।ਸਿਆਸੀ ਪ੍ਰਤੀਕਿਰਿਆਵਾਂ ਇਸ ਘਟਨਾ ਤੋਂ ਬਾਅਦ ਪੰਜਾਬ ਦੀ ਵਿਰੋਧੀ ਧਿਰਾਂ (ਕਾਂਗਰਸ ਅਤੇ ਅਕਾਲੀ ਦਲ) ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਧਿਰ ਦੇ ਆਗੂਆਂ ਦਾ ਕਹਿਣਾ ਹੈ ਕਿ 'ਆਪ' ਜੋ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦਾ ਦਾਅਵਾ ਕਰਦੀ ਸੀ, ਉਸ ਦੇ ਆਪਣੇ ਆਗੂਆਂ ਅਤੇ ਕਰੀਬੀਆਂ ਦੇ ਘਰਾਂ ਤੋਂ ਨੋਟਾਂ ਦੀ ਬਾਰਿਸ਼ ਹੋ ਰਹੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਨੈਤਿਕਤਾ ਦੇ ਆਧਾਰ 'ਤੇ ਜਵਾਬ ਮੰਗਿਆ ਹੈ। ਘਟਨਾ ਦਾ ਵੇਰਵਾ ਅਤੇ ਡਰਾਮਾਈ ਦ੍ਰਿਸ਼ ਮੋਹਾਲੀ ਦੇ ਸੈਕਟਰ 70 ਸਥਿਤ ਇੱਕ ਆਲੀਸ਼ਾਨ ਰਿਹਾਇਸ਼ੀ/ਵਪਾਰਕ ਕੰਪਲੈਕਸ ਵਿੱਚ ਜਦੋਂ ਈਡੀ ਦੀਆਂ ਟੀਮਾਂ ਤੜਕੇ ਪਹੁੰਚੀਆਂ, ਤਾਂ ਉੱਥੇ ਮੌਜੂਦ ਲੋਕਾਂ ਵਿੱਚ ਹੜਕੰਪ ਮਚ ਗਿਆ। ਸਭ ਤੋਂ ਹੈਰਾਨੀਜਨਕ ਪਹਿਲੂ ਇਹ ਰਿਹਾ ਕਿ ਜਦੋਂ ਈਡੀ ਦੇ ਅਧਿਕਾਰੀ ਨੌਵੀਂ ਮੰਜ਼ਿਲ 'ਤੇ ਸਥਿਤ ਫਲੈਟ/ਦਫ਼ਤਰ ਦੇ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ, ਜਾਂ ਨਕਦੀ ਛੁਪਾਉਣ ਦੀ ਕੋਸ਼ਿਸ਼ ਵਿੱਚ ਨੌਵੀਂ ਮੰਜ਼ਿਲ ਤੋਂ ਬੈਗ ਹੇਠਾਂ ਸੁੱਟ ਦਿੱਤੇ। ਚਸ਼ਮਦੀਦਾਂ ਅਤੇ ਰਿਪੋਰਟਾਂ ਅਨੁਸਾਰ, ਜਦੋਂ ਇਹ ਬੈਗ ਹੇਠਾਂ ਡਿੱਗੇ ਤਾਂ ਉਹ ਖੁੱਲ੍ਹ ਗਏ ਅਤੇ ਹਵਾ ਵਿੱਚ 500-500 ਰੁਪਏ ਦੇ ਨੋਟਾਂ ਦੀ ਬਾਰਿਸ਼ ਹੋਣ ਲੱਗੀ। ਇੰਨਾ ਹੀ ਨਹੀਂ, ਬੈਗਾਂ ਵਿੱਚੋਂ ਕਥਿਤ ਤੌਰ 'ਤੇ ਕੀਮਤੀ ਬਰੇਸਲੇਟ ਅਤੇ ਗਹਿਣੇ ਵੀ ਹੇਠਾਂ ਡਿੱਗਦੇ ਦੇਖੇ ਗਏ। ਇਹ ਦ੍ਰਿਸ਼ ਕਿਸੇ ਫਿਲਮੀ ਸੀਨ ਵਰਗਾ ਸੀ, ਜਿਸ ਨੂੰ ਦੇਖ ਕੇ ਆਸ-ਪਾਸ ਦੇ ਲੋਕ ਅਤੇ ਸੁਰੱਖਿਆ ਕਰਮੀ ਦੰਗ ਰਹਿ ਗਏ। ਈਡੀ ਦੀ ਕਾਰਵਾਈ ਦਾ ਕਾਰਨ ਸੂਤਰਾਂ ਅਨੁਸਾਰ, ਇਹ ਛਾਪੇਮਾਰੀ ਮਨੀ ਲਾਂਡਰਿੰਗ ਅਤੇ ਪੰਜਾਬ ਵਿੱਚ ਚੱਲ ਰਹੇ ਕੁਝ ਵੱਡੇ ਵਿੱਤੀ ਘਪਲਿਆਂ ਦੀ ਜਾਂਚ ਦੇ ਸਬੰਧ ਵਿੱਚ ਕੀਤੀ ਗਈ ਹੈ।



ਈਡੀ ਪਿਛਲੇ ਕਾਫੀ ਸਮੇਂ ਤੋਂ ਕੁਝ ਅਜਿਹੇ ਨੈੱਟਵਰਕਾਂ ਦੀ ਨਿਸ਼ਾਨਦੇਹੀ ਕਰ ਰਹੀ ਸੀ, ਜੋ ਕਥਿਤ ਤੌਰ 'ਤੇ ਸਿਆਸੀ ਸਰਪ੍ਰਸਤੀ ਹੇਠ ਗੈਰ-ਕਾਨੂੰਨੀ ਲੈਣ-ਦੇਣ ਕਰ ਰਹੇ ਹਨ। ਮੁੱਖ ਮੰਤਰੀ ਦੇ ਕਰੀਬੀ ਦਾ ਨਾਮ ਆਉਣ ਕਾਰਨ ਇਹ ਮਾਮਲਾ ਹੋਰ ਵੀ ਸੰਵੇਦਨਸ਼ੀਲ ਹੋ ਗਿਆ ਹੈ।ਜਾਂਚ ਏਜੰਸੀ ਨੂੰ ਸ਼ੱਕ ਹੈ ਕਿ ਇਸ ਇਮਾਰਤ ਦੀ ਵਰਤੋਂ ਕਾਲੇ ਧਨ ਨੂੰ ਸਫੈਦ ਕਰਨ ਅਤੇ ਨਕਦੀ ਦੇ ਗੈਰ-ਕਾਨੂੰਨੀ ਭੰਡਾਰਨ ਲਈ ਕੀਤੀ ਜਾ ਰਹੀ ਸੀ। ਨੌਵੀਂ ਮੰਜ਼ਿਲ ਤੋਂ ਬੈਗ ਸੁੱਟਣ ਦੀ ਘਟਨਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਅੰਦਰ ਮੌਜੂਦ ਲੋਕਾਂ ਨੂੰ ਈਡੀ ਦੀ ਕਾਰਵਾਈ ਦਾ ਡਰ ਸੀ ਅਤੇ ਉਹ ਤੁਰੰਤ ਸਬੂਤਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਸਿਆਸੀ ਪ੍ਰਤੀਕਿਰਿਆਵਾਂ ਇਸ ਘਟਨਾ ਤੋਂ ਬਾਅਦ ਪੰਜਾਬ ਦੀ ਵਿਰੋਧੀ ਧਿਰਾਂ (ਕਾਂਗਰਸ ਅਤੇ ਅਕਾਲੀ ਦਲ) ਨੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਧਿਰ ਦੇ ਆਗੂਆਂ ਦਾ ਕਹਿਣਾ ਹੈ ਕਿ 'ਆਪ' ਜੋ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦਾ ਦਾਅਵਾ ਕਰਦੀ ਸੀ, ਉਸ ਦੇ ਆਪਣੇ ਆਗੂਆਂ ਅਤੇ ਕਰੀਬੀਆਂ ਦੇ ਘਰਾਂ ਤੋਂ ਨੋਟਾਂ ਦੀ ਬਾਰਿਸ਼ ਹੋ ਰਹੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਨੈਤਿਕਤਾ ਦੇ ਆਧਾਰ 'ਤੇ ਜਵਾਬ ਮੰਗਿਆ ਹੈ।

## ਜ਼ਿੰਦਗੀ ਵਿੱਚ



ਅੱਧ-ਵਿਚਾਲੇ ਹੀ ਜੇ ਛੱਡਕੇ ਜਾਣਾ ਸੀ।
ਮੇਰੀ ਜ਼ਿੰਦਗੀ ਵਿੱਚ ਤੂੰ ਕਾਹਨੂੰ ਆਣਾ ਸੀ।
ਅੱਖੀਆਂ ਨੇ ਜਦ ਹਾਂ ਸੀ ਕੀਤੀ ਅੱਖੀਆਂ ਨੂੰ,
ਮੇਰੀਆਂ ਖੁਸ਼ੀਆਂ ਦਾ ਨਾ ਉਦੋਂ ਟਿਕਾਣਾ ਸੀ।
ਰੰਗਲਾ ਮਹਿਲ ਬਣਾਉਂਦੇ ਨਾ ਅਸੀਂ ਖ਼ਾਬਾਂ ਦਾ,
ਆਪਣੇ ਹੱਥੀਂ ਆਪੇ ਹੀ ਜੇ ਢਾਣਾ ਸੀ।
ਲਾਵਾਰਿਸ ਹੀ ਆਖਰ ਨੂੰ ਜੇ ਛੱਡਣਾ ਸੀ,
ਤਲੀਆਂ ਤੇ ਤੂੰ ਕਾਹਨੂੰ ਚੋਗ ਚੁਗਾਣਾ ਸੀ।
ਹੱਦ ਤੋਂ ਵੱਧ ਮੁਹੱਬਤ ਗੂੜ੍ਹੀ ਪਾਉਂਦੇ ਨਾ,
ਜਦ ਯਾਦਾਂ ਦੀ ਸੂਲੀ ਤੇ ਲਟਕਾਣਾ ਸੀ।
ਫੋਨ ਕਾਲ ਜਾਂ ਮੈਸੇਜ ਹੀ ਕੋਈ ਕਰ ਦਿੰਦੇ,
ਮੈਂ ਟੁੱਟੇ ਫੁੱਲ ਵਾਂਗ ਕਾਹਨੂੰ ਮੁਰਝਾਣਾ ਸੀ।
ਚਿੱਤ-ਚੇਤੇ ਵੀ ਨਹੀਂ ਸੀ ਮੈਨੂੰ ਜੀਉਂਦੇ ਜੀ,
ਇਹ ਵੀ ਮੰਨਣਾ ਪੈਣਾ ਰੱਬ ਦਾ ਭਾਣਾ ਸੀ।
ਤੇਰੇ ਬਾਝੋਂ 'ਨਾਗਰਾ' ਜੀਣਾ ਕੀ ਜੀਣਾ,
ਇਹਦੇ ਨਾਲੋਂ ਤਾਂ ਚੰਗਾ ਮਰ ਜਾਣਾ ਸੀ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
+13604481989

## ਭਰੋਸੇ ਦੇ ਵਿੱਚ ਲੈ ਓਸਨੂੰ"



ਗਿਰਗਿਟ ਵਾਂਗੂੰ ਰੰਗ ਬਦਲਦਾ,ਵੇਖੋ ਅੱਜਕਲ੍ਹ ਬੰਦਾ।
ਡਰਦਾ ਨਹੀਂ ਕਿਸੇ ਤੋਂ ਫੇਰੇ,ਅਪਣਿਆਂ ਤੇ ਰੰਦਾ।
ਮਾਇਆ ਦਾ ਵਪਾਰੀ ਬਣਿਆ,ਰਹਿੰਦਾ ਹੈ ਹਰ ਵੇਲੇ,
ਕੋਹਾਂ ਦੂਰ ਸਚਾਈਓਂ ਰਹਿੰਦਾ, ਝੂਠ ਦਾ ਨਿਰਾ ਪੁਲੰਦਾ।
ਮੇਲਾ ਵੇਖਣ ਜਿਸ ਨੇ ਘੱਲਿਆ,ਯਾਦ ਨਾ ਓਹਨੂੰ ਕਰਦਾ,
ਨਿਧੜਕ ਹੋ ਕੇ ਕਰ ਰਿਹਾ ਹੈ,ਕੰਮ ਗੰਦੇ ਤੋਂ ਗੰਦਾ।
ਸ਼ਰਮ ਦੀ ਲੋਈ ਲਾਹ ਕੇ ਰੱਖਤੀ,ਰੱਬ ਚੇਤੇ ਨਾ ਇਸਨੂੰ,
ਹਰ ਵੇਲੇ ਹੀ ਭਰਦਾ ਰਹਿੰਦਾ,ਕਾਲ ਵੈਰੀ ਦਾ ਚੰਦਾ।
ਦੱਦਾਹੂਰੀਆ ਆਖੇ ਬੰਦੇ, ਉਸ ਤੇ ਰੱਖ ਭਰੋਸਾ,
ਨਹੀਂ ਤਾਂ ਵੇਖੀਂ ਛੇਤੀ ਪੈਜੂ,ਗਲ਼ ਵਿੱਚ ਮੌਤ ਦਾ ਫੰਦ੍ਹਾ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਮਿਹਨਤ...**

ਮਿਹਨਤ ਕਰਨ ਦੀ ਆਦਤ ਪੈ ਜਾਵੇ ਤਾਂ ਸਬਰ ,ਸੰਤੋਖ,ਸਹਿਜ,ਸ਼ੰਤੁਸ਼ਟਤਾ ਆਦਿ ਆਪਣੇ ਆਪ ਜ਼ਿੰਦਗੀ ਦਾ ਹਿੱਸਾ ਬਨਣਾ ਸ਼ੁਰੂ ਹੋ ਜਾਂਦੇ ਨੇ। ਬੱਸ ਮਿਹਨਤ ਕਰਨੀ ਜਾਰੀ ਰੱਖੋ॥ ਚਲਾਕੀ ਅਤੇ ਮਿਹਨਤ ਦਾ ਹਮੇਸ਼ਾ ਇਕੱਤੀ ਦਾ ਅੰਕੜਾ ਰਿਹੈ। ਜਿੱਥੇ ਚਲਾਕੀ ਵੱਧ ਗਈ ਮਿਹਨਤ ਘੱਟ ਹੋ ਜਾਂਦੀ ਹੈ। ਜਦੋਂ ਮਿਹਨਤ ਚੱਲ ਪਵੇ ਤਾਂ ਚਲਾਕੀ ਆਪਣੇ ਆਪ ਰਫੂ ਚੱਕਰ ਹੋ ਜਾਂਦੀ ਹੈ। ਮਿਹਨਤ 'ਚੋਂ ਆਨੰਦ ਲਿਆ ਜਾ ਸਕਦੈ॥ ਜ਼ਿੰਦਗੀ ਦੀ ਮੰਜ਼ਿਲ ਦੀ ਸਫ਼ਲਤਾ ਦਾ ਦਰਵਾਜਾ ਮਿਹਨਤ ਦੇ ਦਰਾਂ 'ਤੇ ਜਾ ਕੇ ਹੀ ਖੁਲਦੈ। ਹਾਂ, ਮਿਹਨਤ ਦਾ ਰੂਪ ਕੋਈ ਵੀ ਹੋ ਸਕਦੈ ਜਿਸਮਾਨੀ ਜਾਂ ਦਿਮਾਗੀ॥

**ਹਰਖ...**

ਚਟਪਟੇ ਮਸਾਲਿਆਂ ਵਾਲਾ ਭੋਜਣ ਖਾਵੌਂਗੇ ਤਾਂ ਸੁਭਾਅ ਹਰਖੀਲਾ ਹੀ ਬਣੇਗਾ। ਸ਼ਾਂਤ ਚਿੱਤ ਸੁਭਾਅ ਵਾਲਾ ਵਿਅਕਤੀ ਜਲਦੀ ਕੀਤਿਆਂ ਹਰਖ 'ਚ ਨਹੀਂ ਆਉਂਦਾ॥ ਹਰਖ ਮਾਨਸਿਕ ਬਿਮਾਰੀਆਂ ਨੂੰ ਸੱਦਾ ਦਿੰਦੈ। ਹਰਖ ਕਰਦੇ ਰਹਿਣ ਵਾਲਾ ਗੁੱਸੇ ਖੋਰ ਬਣ ਜਾਂਦੈ॥ ਹਰਖ 'ਚ ਕੀਤਾ ਕਾਰਜ ਜਾਂ ਗੱਲਬਾਤ ਅਖੀਰ ਪਛਤਾਵੇ ਦੀ ਦਹਿਲੀਜ਼ 'ਤੇ ਜਾ ਕੇ ਸੰਤਾਪ ਦੇ ਚਿੰਨ ਛੱਡਦੇ ਜਾਂਦੇ ਨੇ॥

**ਭਬੀਰੀ...**

ਭਬੀਰੀ ਵਾਂਗ ਦਿਨ ਰਾਤ ਘੁੰਮਣ ਨਾਲ ਹੀ ਜ਼ਿੰਦਗੀ ਆਨੰਦਮਈ ਨਹੀਂ ਹੁੰਦੀ। ਸਹਿਜ ਸੁਭਾਅ ਜਿਉਣ ਦੀ ਕਲਾ ਨੇ ਹੀ ਸਕੂਨ ਦੇਣਾ ਹੁੰਦੈ॥ ਵਕਤ ਦੀ ਭੰਬੀਰੀ ਬਣਿਆ ਵਿਅਕਤੀ ਭਾਵੇਂ ਵੱਡਾ ਮੁਕਾਮ ਵੀ ਹਾਸਲ ਕਰ ਲਵੇ ਪਰ ਪਿਛਲੇ ਪਹਿਰੇ ਪਛਤਾਵੇ ਦੀ ਭੰਬੀਰੀ 'ਚ ਉਲਝਿਆ ਹੀ ਮਿਲਦੈ॥ ਚੁਸਤ ਚਲਾਕੀਆਂ ਦੀ ਭੰਬੀਰੀ 'ਚ ਗਲਤਾਨ ਬੰਦਾ ਸੁਆਰਥੀ ਤਾਣੇ ਬਾਣੇ ਦੀਆਂ ਪੇਚੀਦਗੀਆਂ ਤੋਂ ਕਦੀ ਬਚ ਨਹੀਂ ਸਕਦਾ॥

**ਲੁੱਤਫ਼...**

ਜ਼ਿੰਦਗੀ ਦਾ ਲੁੱਤਫ਼ ਲੈਣੈ ਤਾਂ ਆਪਣੀ ਚਿੰਤਕ ਧੁੰਨ ਵਧਾਓ ਅਤੇ ਦੁਨੀਆਂ ਦੀ ਪ੍ਰਵਾਹ ਕਰਨੀ ਛੱਡੋ॥ ਕਾਹਲੀ ਚੱਲਣਾ ਤਰੱਕੀਆਂ ਦਾ ਟੋਕਰਾ ਤਾਂ ਭਰ ਸਕਦੀ ਹੈ ਪਰ ਜਦੋਂ ਸਫ਼ਰ ਦਾ ਲੁੱਤਫ਼ ਗੁੰਮ ਹੋਣ ਲੱਗੇ ਤਾਂ ਤੇਜੀ ਨੂੰ ਸੈੱਟ ਕਰਨਾ ਵੀ ਨਾ ਭੁੱਲੋ॥ ਰਿਸ਼ਤਿਆਂ ਦੇ ਨਿਭਾਅ 'ਚ ਦਿਆਨਤਦਾਰੀ ਬਣੀ ਰਹੇ ਤਾਂ ਜ਼ਿੰਦਗੀ ਲੁੱਤਫ਼ ਭਰਪੂਰ ਖੁੱਦ ਹੀ ਹੁੰਦੀ ਜਾਂਦੀ ਹੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

# ਮਹਿਕ ਪੰਜਾਬ ਦੀ ( مہک پنجاب دی- )



ਬਰਸੀ 'ਤੇ ਵਿਸ਼ੇਸ਼:
ਪੰਜਾਬੀ ਸਾਹਿਤ ਜਗਤ ਦੀ ਵਸੀਅਤ ਸ਼ਿਵ ਕੁਮਾਰ ਬਟਾਲਵੀ

( ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦਾ ਜਨਮ 23 ਜੁਲਾਈ 1936 ਨੂੰ ਜੰਮੂ ਅਤੇ ਕਸ਼ਮੀਰ ਦੀ ਹੱਦ ਨਾਲ ਲੱਗਦੇ ਸ਼ਕਰਗੜ੍ਹ ਤਹਿਸੀਲ ਦੇ ਬੜਾ ਪਿੰਡ ਲੋਹਤੀਆਂ (ਹੁਣ ਪਾਕਿਸਤਾਨ) ਪਟਵਾਰੀ ਪਿਤਾ ਪਡਿੰਤ ਕ੍ਰਿਸ਼ਨ ਗੋਪਾਲ ਅਤੇ ਮਾਤਾ ਸ਼ਾਂਤੀ ਦੇਵੀ ਦੇ ਘਰ ਹੋਇਆ। ਆਪਜੀ ਨੇ ਮੁੱਢਲੀ ਪੜ੍ਹਾਈ ਬੜਾ ਪਿੰਡ 'ਲੋਹਤੀਆਂ' ਦੇ ਹੀ ਪ੍ਰਾਇਮਰੀ ਸਕੂਲ ਤੋਂ ਹਾਸਿਲ ਕੀਤੀ। ਉਹ ਫਿਰ ਬਟਾਲਾ ਗੁਰਦਾਸਪੁਰ, ਪੰਜਾਬ ਵਿਚ ਪਰਿਵਾਰ ਸਮੇਤ ਆ ਵਸੇ ਅਤੇ ਬਾਅਦ 'ਚ ਨੌਕਰੀ ਕਾਰਨ ਚੰਡੀਗੜ੍ਹ ਆ ਗਏ। 5 ਫ਼ਰਵਰੀ 1967 ਨੂੰ ਉਸਨੇ ਆਪਣੀ ਜਾਤੀ ਦੀ ਇੱਕ ਬ੍ਰਾਹਮਣ ਕੁੜੀ ਅਰੁਣਾ, ਨਾਲ ਵਿਆਹ ਕਰਵਾ ਲਿਆ ਜੋ ਕਿਰੀ ਮੰਗਿਆਲ, ਗੁਰਦਾਸਪੁਰ, ਪੰਜਾਬ ਦੀ ਰਹਿਣ ਵਾਲੀ ਸੀ ਅਤੇ ਘਰ ਦੋ ਬੱਚੇ, ਮਿਹਰਬਾਨ ਅਤੇ ਪੂਜਾ ਹੋਏ ਸਨ।

ਸ਼ਿਵ ਨੇ ਚਰਚਿਤ ਪੰਜਾਬੀ ਕਾਵਿ ਸੰਗ੍ਰਹਿ ' ਲੂਣਾ, ਪੀੜਾਂ ਦਾ ਪਰਾਗਾ, ਲਾਜਵੰਤੀ, ਆਰਤੀ , ਮੈਂ ਤੇ ਮੈਂ, ਅਲਵਿਦਾ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ ' ਸਾਹਿਤ ਜਗਤ ਨੂੰ ਸਮਰਪਿਤ ਕੀਤਾ। ਉਨ੍ਹਾਂ ਦੀ ਮੌਤ ਤੋਂ ਬਾਅਦ ਬਿਰਹੜਾ,
ਅਲਵਿਦਾ, ਅਸਾਂ ਤੇ ਜੋਬਨ ਰੁੱਤੇ ਮਰਨਾ, ਸਾਗਰ ਤੇ ਕਣੀਆਂ
ਸ਼ਿਵ ਕੁਮਾਰ - ਸੰਪੂਰਨ ਕਾਵਿ ਸੰਗ੍ਰਹਿ " ਵੱਖ-ਵੱਖ ਲੇਖਕਾਂ ਵੱਲੋਂ ਸੰਪਦਾਕ ਕੀਤਾ ਗਿਆ।

ਸ਼ਿਵ ਪੰਜਾਬੀ ਲੋਕਧਾਰਾ ਦੇ ਠੇਠ ਸ਼ਬਦਾਂ ਦਾ ਇਕ ਸਮੁੰਦਰ ਸੀ ਜੋ ਪੰਜਾਬੀ ਕਾਵਿ ਖੇਤਰ ਦੇ ਜੌਨ ਕੀਟਸ ਮੰਨੇ ਜਾਂਦੇ ਹਨ। ਆਪਜੀ ਦੀ ਸ਼ਾਇਰੀ ਦੇ ਗਾਉਣ ਦੀ ਕਲਾ ਦੁਨੀਆ ਵਿੱਚ ਬਹੁਤ ਮਕਬੂਲ ਹੋਈ ਜੋ ਸਰੋਤਿਆਂ ਦੀ ਰੂਹ ਨੂੰ ਕੀਲ ਲੈਂਦੀ ਸੀ। ਉਹਨਾਂ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਸ੍ਰੋਮਣੀ ਸ਼ਾਇਰ ਦਾ ਪੁਰਸਕਾਰ ਦਿੱਤਾ ਅਤੇ ਲੂਣਾ ਸੰਗ੍ਰਹਿ ਲਈ ਭਾਰਤੀ ਸਾਹਿਤ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ। ਪੰਜਾਬੀ ਸਾਹਿਤ ਜਗਤ ਵਿਚ ਆਪਜੀ ' ਬਿਰਹਾ ਦਾ ਸੁਲਤਾਨ ' ਦੇ ਨਾਂ ਨਾਲ ਮਸ਼ਹੂਰ ਹਨ। ਅੱਜ ਉਹਨਾਂ ਦੀਆਂ ਕਿਤਾਬਾਂ ਸਿੱਖਿਆ ਬੋਰਡ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਪੜ੍ਹਾਈਆਂ ਜਾ ਰਹੀਆਂ ਹਨ। ਬਟਾਲਵੀ ਸਾਹਿਬ ਨੇ ਆਪਣਾ ਸਾਰਾ ਜੀਵਨ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਰ ਦਿੱਤਾ ਸੀ। 1972 ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇੰਗਲੈਂਡ ਦੌਰੇ ਤੋਂ ਵਾਪਸ ਆਉਣ ਤੋਂ ਬਾਅਦ, ਉਹ ਲੀਵਰ ਸਿਰੋਸਿਸ ਤੋਂ ਪ੍ਰਭਾਵਿਤ ਹੋ ਗਏ। ਉਹਨਾਂ ਦੀ ਸਿਹਤ ਨੇ ਪਰਿਵਾਰ ਨੂੰ ਆਰਥਿਕ ਸੰਕਟ ਵਿੱਚ ਪਾ ਦਿੱਤਾ। ਸ਼ਾਇਦ ਇਹੀ ਕਾਰਨ ਸੀ ਕਿ ਆਪਜੀ ਆਪਣੀ ਪਤਨੀ ਅਰੁਣਾ ਬਟਾਲਵੀ ਨਾਲ ਸ਼ਿਵ ਦੇ ਨਾਨਕੇ ਪਿੰਡ ਚਲੇ ਗਏ, ਜਿੱਥੇ ਉਨ੍ਹਾਂ ਨੇ 6 ਮਈ,1973 ਨੂੰ ਆਖਰੀ ਸਾਹ ਲਏ।)

ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ ਤੇ ਕੰਲਗੀ
ਤੇ ਉਹਦੇ ਪੈਰੀਂ ਝਾਂਜਰ
ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ |
ਇੱਕ ਓਹਦੇ ਰੂਪ ਦੀ
ਧੁੱਪ ਤਿਖੇਰੀ
ਦੂੱਜਾ ਮਹਿਕਾਂ ਦਾ ਤਿਰਹਾਇਆ
ਤੀਜਾ ਓਹਦਾ ਰੰਗ ਗੁਲਾਬੀ
ਕਿਸੇ ਗੋਰੀ ਮਾਂ ਦਾ ਜਾਇਆ
ਨੀ ਮੈਂ ਵਾਰੀ ਜਾਂ |
ਨੈਣੀਂ ਉਹਦੇ
ਚੇਤ ਦੀ ਆਥਣ
ਅਤੇ ਜੁਲਫ਼ੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇ ਦਾ
ਕੋਈ ਦਿਹੁੰ ਚੜ੍ਹਨੇ ਤੇ ਆਇਆ
ਨੀ ਮੈਂ ਵਾਰੀ ਜਾਂ |
ਸਾਹਵਾਂ ਦੇ ਵਿਚ
ਫੁੱਲ ਸੋਇਆਂ ਦੇ
ਕਿਸੇ ਬਾਗ ਚਾਨਣ ਦਾ ਲਾਇਆ
ਦੇਹੀ ਦੇ ਵਿਚ ਖੇਡੇ ਚੇਤਰ
ਇੱਤਰਾਂ ਨਾਲ ਨੁਹਾਇਆ
ਨੀ ਮੈਂ ਵਾਰੀ ਜਾਂ |
ਬੋਲਾਂ ਦੇ ਵਿਚ
ਪੌਣ ਪੁਰੇ ਦੀ
ਨੀ ਉਹ ਕੋਇਲਾਂ ਦਾ ਹਮਸਾਇਆ
ਚਿੱਟੇ ਦੰਦ ਜਿਉਂ ਧਾਨੋਂ ਬਗਲਾ
ਤਾੜੀ ਮਾਰ ਉਡਾਇਆ
ਨੀ ਮੈਂ ਵਾਰੀ ਜਾਂ |
ਇਸ਼ਕੇ ਦਾ
ਇਕ ਪਲੰਘ ਨੁਮਾਰੀ
ਅਸਾਂ ਚਾਨਣੀਆਂ ਵਿਚ ਡਾਹਿਆ
ਤਨ ਦੀ ਚਾਦਰ ਹੋ ਗਈ ਮੈਲੀ
ਉਸ ਪੈਰ ਜਾ ਪਲੰਘੇ ਪਾਇਆ
ਨੀ ਮੈਂ ਵਾਰੀ ਜਾਂ |
ਦੁਖਣ ਮੇਰੇ
ਨੈਣਾਂ ਦੇ ਕੋਏ
ਵਿੱਚ ਹੜ੍ਹ ਹੰਝੂਆਂ ਦਾ ਆਇਆ
ਸਾਰੀ ਰਾਤ ਗਈ ਵਿਚ ਸੋਚਾਂ
ਉਸ ਇਹ ਕੀ ਜੁਲਮ ਕਮਾਇਆ
ਨੀ ਮੈਂ ਵਾਰੀ ਜਾਂ |
ਸੁਬ੍ਹਾ-ਸਵੇਰੇ
ਲੈ ਨੀ ਵੱਟਣਾ
ਅਸਾਂ ਮਲ ਮਲ ਓਸ ਨੁਹਾਇਆ
ਦੇਹੀ ਵਿਚੋਂ ਨਿਕਲਣ ਚਿਣਗਾਂ
ਤੇ ਸਾਡਾ ਹੱਥ ਗਿਆ ਕੁਮਲਾਇਆ
ਨੀ ਮੈਂ ਵਾਰੀ ਜਾਂ |
ਚੂਰੀ ਕੁੱਟਾਂ
'ਤੇ ਉਹ ਖਾਂਦਾ ਨਾਹੀਂ
ਉਹਨੂੰ ਦਿਲ ਦਾ ਮਾਸ ਖਵਾਇਆ
ਇਕ ਉਡਾਰੀ ਐਸੀ ਮਾਰੀ
ਉਹ ਮੁੜ ਵਤਨੀਂ ਨਹੀਂ ਆਇਆ
ਨੀ ਮੈਂ ਵਾਰੀ ਜਾਂ |
ਸ਼ਿਕਰਾ
ਮਾਏ ! ਨੀ ਮਾਏ !
ਮੈਂ ਇਕ ਸ਼ਿਕਰਾ ਯਾਰ ਬਣਾਇਆ
ਉਹਦੇ ਸਿਰ 'ਤੇ ਕਲਗੀ
'ਤੇ ਉਹਦੇ ਪੈਰੀਂ ਝਾਂਜਰ
'ਤੇ ਉਹ ਚੋਗ ਚੁਗੀਂਦਾ ਆਇਆ
ਨੀ ਮੈਂ ਵਾਰੀ ਜਾਂ |

ਮੈਨੂੰ ਤੇਰਾ ਸ਼ਬਾਬ ਲੈ ਬੈਠਾ
ਰੰਗ ਗੋਰਾ ਗੁਲਾਬ ਲੈ ਬੈਠਾ।
ਦਿਲ ਦਾ ਡਰ ਸੀ ਕਿਤੇ ਨਾ ਲੈ ਬੈਠੇ
ਲੈ ਹੀ ਬੈਠਾ ਜਨਾਬ ਲੈ ਬੈਠਾ।
ਵਿਹਲ ਜਦ ਵੀ ਮਿਲੀ ਹੈ ਫ਼ਰਜ਼ਾਂ ਤੋਂ
ਤੇਰੇ ਮੁੱਖ ਦੀ ਕਿਤਾਬ ਲੈ ਬੈਠਾ।
ਕਿੰਨੀ ਬੀਤੀ ਤੇ ਕਿੰਨੀ ਬਾਕੀ ਹੈ
ਮੈਨੂੰ ਇਹੋ ਹਿਸਾਬ ਲੈ ਬੈਠਾ।
ਸ਼ਿਵ ਨੂੰ ਇੱਕ ਗ਼ਮ ਤੇ ਹੀ ਭਰੋਸਾ ਸੀ
ਗ਼ਮ ਤੋਂ ਕੋਰਾ ਜਵਾਬ ਲੈ ਬੈਠਾ।

ਸਹਿਯੋਗੀ : ਅਮਰੀਕ ਤਲਵੰਡੀ, ਬਾਬਾ ਨਜਮੀ .ਦਰਸ਼ਨ ਸਿੰਘ ਆਸ਼ਟ, ਡਾ.ਗੁਰਚਰਨ ਕੌਰ ਕੋਚਰ, ਅਸ਼ੋਕ ਭੌਰਾ ਅਮਰੀਕਾ
ਫਾਈਲ ਫੋਟੋ : ਸ਼ਮਿੰਦਰ ਭਗਤ, ਅਮਰੀਕਾ

# ਹਾਲਾਂਕਿ ਲਫ਼ਜ਼ਾਂ ਨਾਲ ਤਸਵੀਰ ਬਣਾਉਣਾ ਆਪਣੇ ਆਪ ਵਿੱਚ ਬਹੁਤ ਵੱਡਾ ਹੁਨਰ ਹੈ



ਹਾਲਾਂਕਿ ਲਫ਼ਜ਼ਾਂ ਨਾਲ ਤਸਵੀਰ ਬਣਾਉਣਾ
ਆਪਣੇ ਆਪ ਵਿੱਚ ਬਹੁਤ ਵੱਡਾ ਹੁਨਰ ਹੈ
ਪਰ ਇੱਕ ਤਸਵੀਰ ਜੋ ਕਹਾਣੀ ਕਹਿ ਸਕਦੀ ਹੈ
ਉਸ ਦਾ ਵੀ ਕੋਈ ਜਵਾਬ ਨਹੀਂ ਹੁੰਦਾ
ਇਹ ਤਸਵੀਰ ਲਾਹੌਰ ਦੀ ਹੈ
ਮਿੱਤਰ ਪਿਆਰੇ ਐਜਾਜ਼ ਉੱਲਾ ਨਾਜ਼ ਦੇ ਘਰ
ਸੰਧੂ ਨਿਵਾਸ ਮਾਡਰਨ ਕਲੋਨੀ
ਪੀਕੋ ਰੋਡ ਕੋਟ ਲਖਪਤ ਲਾਹੌਰ ਦੀ
ਸਾਲ 2010 ਹੈ ਸ਼ਾਇਦ
ਇਹ ਮੇਰੀ ਲਾਹੌਰ ਦੀ ਤੀਜੀ ਫੇਰੀ ਸੀ
ਪਤਾ ਨਹੀਂ ਕਿਵੇਂ ਵਿਹਲ ਦਾ ਦਿਨ ਸੀ
ਨਹੀਂ ਤਾਂ ਲਾਹੌਰ ਵਿੱਚ
ਸਿਰ ਖੁਰਕਣ ਦੀ ਵਿਹਲ ਕਿੱਥੇ ਹੁੰਦੀ ਸੀ
ਚੱਲ ਸੋ ਚੱਲ
ਬਸ ਖਾਲੀ ਹੋਣ ਲਾਹਾ ਲੈ ਕੇ
ਕੇਸੀ ਨ੍ਹਾ ਲਿਆ
ਨ੍ਹਾ ਕੇ ਬੈਠਾ ਹੀ ਸਾਂ
ਗੁਜਰਾਂਵਾਲੇ ਤੋਂ
ਜਨਾਬ ਜ਼ਾਹਿਦ ਮੁਮਤਾਜ਼ ਸਾਹਿਬ ਤਸ਼ਰੀਫ਼ ਲੈ ਆਏ
ਵੱਡੇ ਲੋਕ
ਇੱਧਰਲੇ ਪੰਜਾਬੀਆਂ ਦੇ ਪੈਰਾਂ ਹੇਠ
ਤਲੀਆਂ ਵਿਛਾਉਣ ਵਾਲੇ
ਗੁਜਰਾਂਵਾਲੇ ਦੇ ਲੋਕ ਉਹਨਾਂ ਨੂੰ
"ਮਿਸਟਰ ਗੁਜਰਾਂਵਾਲਾ " ਆਖ ਕੇ ਮੁਖ਼ਾਤਿਬ ਹੁੰਦੇ ਹਨ।
ਉਹਨਾਂ ਦਾ ਪਿਛੋਕੜ ਹੁਸ਼ਿਆਰਪੁਰ ਦਾ ਹੈ
ਪਤਾ ਲੱਗ ਜਾਵੇ ਸਹੀ
ਕਿ ਚੜ੍ਹਦੇ ਪੰਜਾਬ ਤੋਂ ਕੋਈ ਸੱਜਣ ਆਇਆ ਹੈ
ਉਹਨਾਂ ਨੂੰ ਚਾਅ ਚੜ੍ਹ ਜਾਂਦਾ ਹੈ
ਬਹੁਤ ਮੁਹੱਬਤੀ ਜੀਅ
ਉਹਨਾਂ ਦੀ ਮਹਿਮਾਨ ਨਵਾਜ਼ੀ ਦੇ ਬਹੁਤ ਕਿੱਸੇ
ਵੱਡਾ ਬਾਈ ਗੁਰਤੇਜ ਕੋਹਾਰਵਾਲਾ ਵੀ ਸੁਣਾ ਸਕਦਾ ਹੈ
ਤੇ ਅਮ੍ਰਿਤਸਰ ਵਾਲਾ ਰਮਨਦੀਪ ਸੰਧੂ ਵੀ
ਜ਼ਾਹਿਦ ਸਾਹਿਬ ਨੂੰ ਚੜ੍ਹਦੇ ਪੰਜਾਬ ਵਾਲਿਆਂ ਨੂੰ
ਸਤਿਕਾਰ ਦੇਣ ਦਾ ਸ਼ੁਦਾਅ ਹੈ
ਉਦੋਂ 2010 ਵਿੱਚ ਉਹਨਾਂ ਦੀ ਉਮਰ ਤਕਰੀਬਨ
65 ਕੁ ਸਾਲ ਹੋਵੇਗੀ
ਤੇ ਮੈਂ 42 ਕੁ ਵਰ੍ਹਿਆਂ ਦਾ
ਪਰ ਉਹ ਆਏ ਤੇ ਸਿੱਧਾ
ਮੇਰੇ ਗੋਡਿਆਂ ਵੱਲ ਨੂੰ ਅਹੁਲੇ
ਮੈਂ ਹੜਬੜਾ ਕੇ
ਉਹਨਾਂ ਨੂੰ ਰਸਤੇ ਵਿੱਚ ਰੋਕ ਲਿਆ
ਦੋ ਸਿਰ ਜੁੜ ਗਏ
ਅੱਜ ਕੱਲ ਜ਼ਾਹਿਦ ਸਾਹਿਬ ਜ਼ਿਆਦਾ ਤੁਰ ਫਿਰ ਨਹੀਂ ਸਕਦੇ
ਇਸੇ ਕਰਕੇ ਜਨਵਰੀ 2025 ਵਿੱਚ
ਜਦ ਮੈਂ ਵਰਲਡ ਪੰਜਾਬੀ ਕਾਂਗਰਸ ਦੀ
34ਵੀਂ ਵਰਲਡ ਪੰਜਾਬੀ ਪੰਜਾਬੀ ਕਾਨਫਰੰਸ
ਲਈ ਲਾਹੌਰ ਗਿਆ ਸੀ
ਤਾਂ ਉਹਨਾਂ ਨਾਲ ਮੁਲਾਕਾਤ ਨਾ ਹੋ ਸਕੀ
ਜਿਸ ਦਾ ਮੈਨੂੰ ਬਹੁਤ ਮਲਾਲ ਹੈ
ਮੈਂ ਜ਼ਾਹਿਦ ਸਾਹਿਬ ਨੂੰ ਆਪਣਾ ਸਤਿਕਾਰ ਭੇਜਦਾ ਹਾਂ
Aijaz Ullah Naz ਦੀ ਖਿੱਚੀ ਹੋਈ
ਇਸ ਤਸਵੀਰ ਦੀ ਵਿਆਖਿਆ
ਕੋਈ ਵੀ ਆਪਣੀ ਮਰਜ਼ੀ ਅਨੁਸਾਰ ਕਰ ਸਕਦਾ ਹੈ

**ਲੇਖਕ ਆਪਣੀਆਂ ਰਚਨਾਵਾਂ ਇਸ ਨੰਬਰ ਤੇ ਭੇਜ ਸਕਦੇ ਹਨ**
**9815561022, 9463661542**

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਮਾਤਾ ਜੋਗਿੰਦਰ ਕੌਰ ਠੱਟਾ ਨੂੰ ਹੰਜੂਆਂ ਭਰੀ ਅੰਤਿਮ ਵਿਦਾਇਗੀ।



ਚੋਹਲਾ ਸਾਹਿਬ 6 ਮਈ ( ਚੋਹਲਾ ਸਾਹਿਬ 7 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਬਾਪੂ ਅਵਤਾਰ ਸਿੰਘ ਸੰਧੂ ਜੀ ਦੀ ਧਰਮ ਪਤਨੀ ਮਾਤਾ ਜੋਗਿੰਦਰ ਕੌਰ ਠੱਟਾ ਜੋ ਲਗਭਗ 100 ਸਾਲ ਦੀ ਉਮਰ ਭੋਗ ਕੇ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ।ਉਨਾਂ ਦਾ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ।ਬਾਪੂ ਅਵਤਾਰ ਸਿੰਘ ਸੰਧੂ ਜੀ ਪਿੰਡ ਦੇ ਬਹੁਤ ਅਦਬੀ ਇਨਸਾਨ ਹਨ। ਬੇਬੇ ਬਾਪੂ ਦੀ ਜੋੜੀ ਹਮ ਉਮਰ ਦਾ ਸਵਰਗ ਪੂਰੇ ਸੁਖ ਨਾਲ ਭੋਗ ਰਹੀ ਸੀ।ਪਰ ਉਮਰ ਦਾ ਤਕਾਜ਼ਾ ਦੋਹਾਂ ਦਾ ਵਿਛੋੜਾ ਪਾ ਗਿਆ ।

ਮਾਤਾ ਜੀ ਦੇ ਪਿੱਛੇ ਤਿੰਨ ਪੁੱਤਰ ਪਿੰਡ ਵਿੱਚ ਗੁਰੂ ਘਰ ਦੇ ਚਰਨੀ ਲੱਗੇ ਕਰਕੇ ਜਾਣੇ ਜਾਂਦੇ ਹਨ ਜਿਵੇਂ ਸੁਰਜੀਤ ਸਿੰਘ,ਬਲਬੀਰ ਸਿੰਘ ਅਤੇ ਗੁਰਮੀਤ ਸਿੰਘ ਅਤੇ ਗੁਰਦੁਆਰਾ ਬਾਬਾ ਜਵੰਦ ਸਿੰਘ ਜੀ ਦੇ ਲੰਗਰ ਹਾਲ ਦੀ ਸੇਵਾ ਦੇ ਮੋਡੀਆ ਵਿਚੋਂ ਇਕ ਹਨ।

ਮਾਤਾ ਜੀ ਦੇ ਸਪੁੱਤਰ ਸਰਦਾਰ ਬਲਬੀਰ ਸਿੰਘ ਸੰਧੂ ਨੇ ਦੱਸਿਆ ਕਿ ਮਾਤਾ ਜੀ ਦੀ ਅੰਤਿਮ ਅਰਦਾਸ 13 ਮਈ ਦਿਨ ਬੁੱਧਵਾਰ ਨੂੰ ਗੁਰਦੁਆਰਾ ਬ੍ਰਹਮ ਗਿਆਨੀ ਬਾਬਾ ਜਵੰਦ ਸਿੰਘ ਜੀ ਜਨਮ ਅਸਥਾਨ ਉੱਤੇ ਹੋਵੇਗੀ।ਜਿਸ ਵਿੱਚ ਵੱਖ-ਵੱਖ ਸਿਆਸੀ ਗੈਰ ਸਿਆਸੀ ਅਤੇ ਧਾਰਮਿਕ ਸਖਸ਼ੀਅਤਾਂ ਮਾਤਾ ਜੀ ਨੂੰ ਸੱਚੇ ਦਿਲੋਂ ਸ਼ਰਧਾ ਦੇ ਫੁੱਲ ਭੇਂਟ ਕਰਨਗੀਆ।ਪਰਿਵਾਰ ਦੀ ਤਰਫੋ ਸਾਰਾ ਦਿਨ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਸਵੈ-ਗਣਨਾ ਪ੍ਰਕਿਰਿਆ 'ਚ ਵਧ-ਚੜ੍ਹ ਕੇ ਹਿੱਸਾ ਲੈਣ ਜ਼ਿਲ੍ਹਾ ਵਾਸੀ - ਡਿਪਟੀ ਕਮਿਸ਼ਨਰ



-ਕਿਹਾ, 'ਐਸ.ਈ ਪੋਰਟਲ' ਉੱਤੇ 14 ਮਈ ਤੱਕ ਕੀਤੀ ਜਾ ਸਕਦੀ ਹੈ ਸਵੈ-ਗਣਨਾ

ਤਰਨ ਤਾਰਨ, 5 ਮਈ : ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ਼ ਅਫ਼ਸਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਨਗਣਨਾ-2027 ਤਹਿਤ ਜ਼ਿਲ੍ਹੇ ਵਿਚ ਚੱਲ ਰਹੀ ਸਵੈ-ਗਣਨਾ ਪ੍ਰਕਿਰਿਆ ਵਿੱਚ ਜ਼ਿਲ੍ਹਾ ਵਾਸੀਆਂ ਨੂੰ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਸਵੈ-ਗਣਨਾ 'ਐਸ.ਈ ਪੋਰਟਲ' ਉੱਤੇ 14 ਮਈ ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਇਕ ਅਜਿਹੀ ਸਹੂਲਤ ਹੈ, ਜਿਸ ਰਾਹੀਂ ਜ਼ਿਲ੍ਹਾ ਵਾਸੀ ਖ਼ੁਦ ਹੀ ਆਪਣੀ ਜਾਣਕਾਰੀ ਸਰਕਾਰੀ ਪੋਰਟਲ 'ਤੇ ਦਰਜ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਲਈ ਨਾਗਰਿਕਾਂ ਨੂੰ ਸਰਕਾਰ ਦੇ ਅਧਿਕਾਰਤ ਜਨਗਣਨਾ ਪੋਰਟਲ (se.census.gov.in) 'ਤੇ ਜਾਣਾ ਹੋਵੇਗਾ। ਆਪਣੇ ਮੋਬਾਈਲ ਨੰਬਰ ਅਤੇ ਬੇਸਿਕ ਜਾਣਕਾਰੀ ਦੀ ਵਰਤੋਂ ਕਰਕੇ ਪੋਰਟਲ 'ਤੇ ਲਾਗਇਨ ਕਰਨਾ ਹੋਵੇਗਾ। ਇਸ ਤੋਂ ਬਾਅਦ ਪੋਰਟਲ 'ਤੇ ਮੰਗੇ ਗਏ ਵੇਰਵੇ ਦਰਜ ਕਰਨੇ ਹੋਣਗੇ। ਜਿਵੇਂ ਹੀ ਸਫ਼ਲਤਾਪੂਰਵਕ ਫਾਰਮ ਸਬਮਿਟ ਹੋਵੇਗਾ ਤਾਂ ਪੋਰਟਲ ਨਾਗਰਿਕ ਨੂੰ ਇਕ 'ਸੈਲਫ-ਐਨੂਮਰੇਸ਼ਨ ਆਈ.ਡੀ' (ਐਸ.ਈ.ਆਈ.ਡੀ) ਜਨਰੇਟ ਕਰਕੇ ਦੇਵੇਗਾ। ਜਦੋਂ ਜਨਗਣਨਾ ਮੁਲਾਜ਼ਮ ਘਰ ਆਵੇਗਾ ਤਾਂ ਨਾਗਰਿਕ ਨੂੰ ਸਿਰਫ਼ ਇਹ ਆਈ.ਡੀ ਦਿਖਾਉਣੀ ਹੋਵੇਗੀ। ਇਸ ਨਾਲ ਜਾਣਕਾਰੀ ਦੀ ਤਸਦੀਕ ਹੋ ਜਾਵੇਗੀ ਅਤੇ ਦੁਬਾਰਾ ਫਾਰਮ ਭਰਨ ਦੀ ਲੋੜ ਨਹੀਂ ਪਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਨਗਣਨਾ ਵਿਭਾਗ ਵੱਲੋਂ ਪਹਿਲੀ ਵਾਰ ਆਪਣੀ ਜਨਗਣਨਾ ਆਪ ਕਰਨ ਦਾ ਇਹ ਵਿਕਲਪ ਰੱਖਿਆ ਗਿਆ ਹੈ, ਜਿਸ ਦਾ ਨਾਗਰਿਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਨਗਣਨਾ ਵਿਭਾਗ ਦਾ ਪੋਰਟਲ 14 ਮਈ ਤੱਕ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਗਿਣਤੀਕਾਰਾਂ ਵੱਲੋਂ 15 ਮਈ ਤੋਂ 13 ਜੂਨ ਤੱਕ ਫੀਲਡ ਸਰਵੇ ਸ਼ੁਰੂ ਕੀਤਾ ਜਾਵੇਗਾ, ਜਿਸ ਦੌਰਾਨ ਗਿਣਤੀਕਾਰ ਘਰ-ਘਰ ਜਾ ਕੇ ਡਾਟਾ ਇੰਦਰਾਜ ਕਰਨਗੇ। ਉਨ੍ਹਾਂ ਕਿਹਾ ਕਿ ਜਨਗਣਨਾ ਲਈ ਇਕੱਤਰ ਕੀਤੀ ਗਈ ਸੂਚਨਾ ਸਰਕਾਰ ਵੱਲੋਂ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜਨਗਣਨਾ ਦਾ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਸਰਕਾਰ ਵੱਲੋਂ ਨਵੀਆਂ ਵਿਕਾਸ ਯੋਜਨਾਵਾਂ ਉਲੀਕਣ ਵਿਚ ਸਹਾਇਕ ਹੋਵੇਗਾ।

# ਲਓ ਜੀ ਮੈਂ ਸੂਪਰ ਪੰਜਾਬਣ ਦਾ ਖਿਤਾਬ ਜਿੱਤ ਲਿਆ,ਲੱਗੇ ਜਿਵੇਂ ਸਮੁੱਚਾ ਪੰਜਾਬ ਜਿੱਤ ਲਿਆ !

## ਪਰਮ-ਸੁੰਦਰੀ ਪਈ ਮਹਿਸੂਸਾਂ ਖੁਦ ਨੂੰ, ਜਿਵੇਂ ਦੁਨੀਆਂ ਭਰ ਚੋਂ ਸ਼ਬਾਬ ਜਿੱਤ ਲਿਆ !













ਲਓ ਜੀ
ਮੈਂ ਸੂਪਰ ਪੰਜਾਬਣ ਦਾ ਖਿਤਾਬ
ਜਿੱਤ ਲਿਆ,ਲੱਗੇ ਜਿਵੇਂ ਸਮੁੱਚਾ
ਪੰਜਾਬ ਜਿੱਤ ਲਿਆ !
ਪਰਮ-ਸੁੰਦਰੀ ਪਈ ਮਹਿਸੂਸਾਂ
ਖੁਦ ਨੂੰ, ਜਿਵੇਂ ਦੁਨੀਆਂ ਭਰ ਚੋਂ
ਸ਼ਬਾਬ ਜਿੱਤ ਲਿਆ !
ਚਿਰਾਂ ਤੋਂ ਅੱਖਾਂ ਚ ਵੱਸਿਆ ਸੀ ਜੋ,
ਅਚਨਚੇਤ ਹੀ,ਉਹ ਖਾਬ ਜਿੱਤ
ਲਿਆ !
ਸਮੇਂ ਦੀ ਮਾਰ ਨੇ ਲਿਆ ਖੋਹ ਸੀ
ਜਿਹੜਾ,ਪਲਾਂ ਚ ਮੁਖ ਲਈ ਤਾਬ
ਜਿੱਤ ਲਿਆ !
ਜਲ ਅੰਦਰ ਜੰਮੀ ਪਲੀ ਨੇ,
(ਜਲੰਧਰ ਵਿੱਚ) ਵਸ ਕਨੇਡਾ ਚ
ਰਾਵੀ,ਝਨਾਵ ਜਿੱਤ ਲਿਆ !
ਰਣਜੀਤ ਜਿੰਮੇਦਾਰੀ ਜੋ ਹੋਰ ਹੁਣ
ਵੱਧ ਗਈ,ਇੰਝ ਨਿਭਾਉਂਦੇ
ਰਹਿਣ ਦਾ ਹਿਸਾਬ ਜਿੱਤ ਲਿਆ !
ਮੈਂ ਸੂਪਰ ਪੰਜਾਬਣ ਦਾ ਖਿਤਾਬ
ਜਿੱਤ ਲਿਆ,ਲੱਗੇ ਜਿਵੇਂ ਸਮੁੱਚਾ
ਪੰਜਾਬ ਜਿੱਤ ਲਿਆ !

ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ,ਕਿ ਅੱਜ ਮੇਰੀ ਗੈਰ ਮੌਜੂਦਗੀ ਵਿੱਚ,ਮੇਰੇ ਮਾਤਾ ਜੀ ਨੇ ਪਰਿਵਾਰ ਸਮੇਤ (ਸਿੰਘ ਡਿਜੀਟਲ ਮੀਡੀਆ ਹਾਊਸ)ਗ੍ਰੁਰਪ ਵੱਲੋਂ ਦਿੱਤੇ ਗਏ ਸੂਪਰ ਪੰਜਾਬਣ ਦੇ ਖਿਤਾਬ ਨੂੰ ਮੇਰੀ ਜਗ੍ਹਾ ਹਾਸਲ ਕੀਤਾ,ਦਰਅਸਲ ਇਸ ਖਿਤਾਬ ਦੀ ਹੱਕਦਾਰ ਵੀ ਮੇਰੀ ਇਹ ਮਾਂ ਹੀ ਸੀ,ਜਿਸ ਨੇ ਬਚਪਨ ਵਿੱਚ ਹੀ ਮੈਨੂੰ ਇਹ ਸਿਖਾ ਦਿੱਤਾ ਸੀ ਕਿ ਧੀਏ ਸਭ ਤੋਂ ਵੱਡੀ ਹੋਣ ਕਾਰਨ ਤੇਰਾ ਇੱਕ ਗਲਤ ਕਦਮ,ਤੇਰੀਆਂ ਛੋਟੀਆਂ ਭੈਣਾਂ ਸਮੇਤ ਸਾਰੇ ਪਰਿਵਾਰ ਨੂੰ ਲੈ ਡੁੱਬੇਗਾ ਤੇ ਸਹੀ ਕਦਮ ਪੂਰੇ ਖਾਨਦਾਨ ਦੀ ਧੰਨ-ਧੰਨ !

ਬਸ ਫੇਰ ਉਸ ਦਿਨ ਤੋਂ ਅੱਜ ਦੇ ਇਸ ਦਿਨ ਤੱਕ ਪਹੁੰਚਣ ਲਈ ਮੈਂ ਕਿੰਨੇ ਸੁਪਨੇ ਪੈਰਾਂ ਹੇਠ ਰੌਂਦੇ, ਕਿੰਨੀਆਂ ਹਨੇਰੀਆਂ ਤਨ ਤੇ ਝੱਲੀਆਂ ਉਸ ਬਾਰੇ ਸ਼ਾਇਦ ਮੇਰੀ ਇਹ ਮਾਂ ਜਾਂ ਕੋਈ ਘਰਦਾ ਹੋਰ ਜ਼ੀ ਵੀ ਕੁੱਝ ਨਹੀਂ ਜਾਣਦਾ ਤੇ ਨਾ ਮੈਂ ਦੱਸਣਾ ਕਦੇ ਜਰੂਰੀ ਸਮਝਿਆ !

ਉਹ ਸਭ ਜਾਂ ਮੇਰਾ ਰੱਬ ਜਾਣਦੈ ਜਾਂ ਮੈਂ,ਕਿ ਇਨ੍ਹਾਂ ਹਾਸਿਆਂ ਤੇ ਦਲੇਰੀ ਪਿੱਛੇ ਕਿੰਨੇ ਕੁ ਠੇਡੇ,ਤ੍ਰਿਸਕਾਰ,ਕਦਮ-ਕਦਮ ਤੇ ਰਾਜਨੀਤੀਆਂ ਤੇ ਮੇਰੀਆਂ ਕੁਰਬਾਨੀਆਂ ਲੁਕੀਆਂ ਹਨ !

ਮੈਂ ਦਿਲੋਂ ਧੰਨਵਾਦ ਕਰਦੀ ਹਾਂ ਆਪ ਸਭ ਦਾ,ਜਿੰਨਾ ਨੇ ਮੇਰੀ (ਕਲਾ ਤੇ ਕਲਮ) ਨੂੰ ਖਿੜੇ ਮੱਥੇ ਸਵਿਕਾਰਿਆ,ਤੇ Singh Disital Media House ਦੀ ਸਮੁੱਚੀ ਟੀਮ ਖਾਸਕਰ (ਚੇਅਰ-ਮੈਨ ਰਣਜੀਤ ਸਿੰਘ ਧਾਲੀਵਾਲ )ਹੁਰਾਂ ਦਾ ਜਿੰਨ੍ਹਾਂ ਦੀ ਪਾਰਖੂ ਅੱਖ ਨੇ ਮੈਨੂੰ (ਕਨੇਡਾ )ਜਹੇ ਵੱਡੇ ਮੁਲਖ ਦੀ ਬੇਮਿਸਾਲ ਭੀੜ ਵਿੱਚੋਂ ਮਨਦੀਪ ਸਿੰਘ ਸੈਣੀ ਦੇ ਸਹਿਯੋਗ ਨਾ ਪਹਿਚਾਣ ਕੇ ਵੱਖ ਕਰ,ਸਨਮਾਨਿਤ ਕਰਨ ਦੀ ਪਹਿਲ ਕੀਤੀ! ਤੇ ਉਸ ਅਕਾਲ ਪੁਰਖ ਦਾ ਜਿਸਨੇ ਬਿਨਾਂ ਮੰਗੇ ਹੀ ਮੈਨੂੰ ਵੱਡੇ ਤੋਂ ਵੱਡੇ ਹਰ ਖਿਤਾਬ ਨਾਲ ਪਰੀਪੂਰਨ ਕੀਤਾ ਹੋਇਆ ਹੈ !

Ranjit Kaur Toronto

# ਸੀ.ਜੇ.ਐਮ ਕਿਰਨ ਜੋਤੀ ਵੱਲੋਂ ਸੈਂਟਰਲ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦਾ ਅਚਨਚੇਤ ਦੌਰਾ



## ਹਵਾਲਾਤੀਆਂ ਅਤੇ ਕੈਦੀਆਂ ਦੀਆਂ ਸੁਣੀਆਂ ਮੁਸ਼ਕਲਾਂ ਅਤੇ ਕਾਨੂੰਨੀ ਹੱਕਾਂ ਬਾਰੇ ਦਿੱਤੀ ਜਾਣਕਾਰੀ

ਤਰਨ ਤਾਰਨ, 6 ਮਈ :
ਚੀਫ ਜੁਡੀਸ਼ੀਅਲ ਮੈਜੀਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਮਿਸ ਕਿਰਨ ਜੋਤੀ ਵੱਲੋਂ ਅੱਜ ਸੈਂਟਰਲ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਜੇਲ ਸੁਪਰਡੰਟ ਮਨਜੀਤ ਸਿੰਘ ਟਿਵਾਣਾ, ਡਿਪਟੀ ਸੁਪਰਡੰਟ ਜਤਿੰਦਰਪਾਲ ਸਿੰਘ, ਡਿਪਟੀ ਸੁਪਰਡੰਟ ਗੁਰਜੰਟ ਸਿੰਘ ਅਤੇ ਜੇਲ੍ਹ ਦਾ ਸਟਾਫ਼ ਮੌਜੂਦ ਸੀ।
ਚੀਫ ਜੁਡੀਸ਼ੀਅਲ ਮੈਜੀਸਟ੍ਰੇਟ ਨੇ ਇਸ ਮੌਕੇ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਜੇਲ੍ਹ ਸੁਪਰਡੰਟ ਨੂੰ ਉਨ੍ਹਾਂ ਦਾ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀਆਂ ਬੈਰਕਾਂ ਵਿੱਚ ਜਾ ਕੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਸਾਫ-ਸਫਾਈ ਦੀ ਜਾਂਚ ਕੀਤੀ ਅਤੇ ਜੇਲ੍ਹ ਦੀ ਮੈੱਸ (ਰਸੋਈ) ਵੀ ਚੈੱਕ ਕੀਤੀ ਅਤੇ ਉਥੋਂ ਦੀ ਸਾਫ-ਸਫਾਈ ਦਾ ਵੀ ਨਿਰੀਖਣ ਕੀਤਾ।
ਸੀ.ਜੇ.ਐਮ ਨੇ ਜੇਲ੍ਹ ਸੁਪਰਡੰਟ ਨੂੰ ਨਿਰਦੇਸ਼ ਦਿੱਤੇ ਕਿ ਹਵਾਲਾਤੀਆਂ ਅਤੇ ਕੈਦੀਆਂ ਦੀ ਨਿਯਮਿਤ ਮੈਡੀਕਲ ਜਾਂਚ ਹੁੰਦੀ ਰਹੇ। ਉਨ੍ਹਾਂ ਵੱਲੋਂ ਮੌਜੂਦ ਹਵਾਲਾਤੀਆਂ ਅਤੇ ਕੈਦੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਵੀ ਦੱਸਿਆ ਕਿ ਉਹ ਆਪਣੀ ਅਪੀਲ ਕਦੋਂ ਅਤੇ ਕਿਸ ਪੀਰੀਅਡ ਦੇ ਦੌਰਾਨ ਲਗਾ ਸਕਦੇ ਹਨ। ਇਸ ਮੌਕੇ ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਹਵਾਲਾਤੀਆਂ ਅਤੇ ਕੈਦੀਆਂ ਨੂੰ ਲੋਅਰ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਹਵਾਲਾਤੀਆਂ ਅਤੇ ਕੈਦੀਆਂ ਦੇ ਕਾਨੂੰਨੀ ਸਹਾਇਤਾ ਲੈਣ ਵਾਸਤੇ ਫਾਰਮ ਵੀ ਭਰੇ ਅਤੇ ਆਪਣੇ ਸਟਾਫ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਫਾਰਮਾਂ ਦਾ ਸਾਰਾ ਪ੍ਰੋਸੈਸ ਪੂਰਾ ਕਰਕੇ ਜਲਦੀ ਤੋਂ ਜਲਦੀ ਕਾਨੂੰਨੀ ਸਹਾਇਤਾ ਦਿੱਤੀ ਜਾਵੇ। ਇਸ ਮੌਕੇ ਉਨ੍ਹਾਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਇਹ ਸਲਾਹ ਦਿੱਤੀ ਕਿ ਉਹ ਸਮਾਜ ਵਿੱਚ ਰਹਿ ਕੇ ਆਮ ਇਨਸਾਨ ਵਾਂਗ ਆਪਣਾ ਜੀਵਨ ਨਿਰਬਾਹ ਕਰਨ ਅਤੇ ਦੁਬਾਰਾ ਕੋਈ ਵੀ ਗ਼ਲਤ ਕੰਮ ਕਰਕੇ ਜੇਲ੍ਹ ਵਿੱਚ ਨਾ ਆਉਣ। ਸੀ.ਜੇ.ਐਮ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਫ਼ਤਰ ਵਿਖੇ ਮਿਲਣ ਜਾਂ ਜਾਣਕਾਰੀ ਵਾਸਤੇ ਜ਼ਿਲ੍ਹਾ ਕਚਹਿਰੀ, ਤਰਨ ਤਾਰਨ ਵਿਖੇ ਦਫ਼ਤਰ ਦੇ ਸਮੇਂ ਵਿੱਚ ਆ ਕੇ ਮਿਲਿਆ ਜਾ ਸਕਦਾ ਹੈ ਅਤੇ ਵਧੇਰੇ ਜਾਣਕਾਰੀ ਵਾਸਤੇ ਟੋਲ ਫ੍ਰੀ ਨੰ. 15100 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਸ਼੍ਰੋਮਣੀ ਕਮੇਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਸ. ਹਰਿੰਦਰ ਸਿੰਘ ਤਰਨ ਤਾਰਨੀ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਨੇ ਕੀਤਾ ਦੁੱਖ ਪ੍ਰਗਟ



ਅੰਮ੍ਰਿਤਸਰ, 7 ਮਈ-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਸ. ਹਰਿੰਦਰ ਸਿੰਘ ਤਰਨ ਤਾਰਨੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਹਰਿੰਦਰ ਸਿੰਘ ਜਿਥੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਹੇ, ਉਥੇ ਹੀ ਉਨ੍ਹਾਂ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਗੈਰ-ਹਾਜ਼ਰੀ ਵਿਚ ਕਾਰਜਕਾਰੀ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਧਰਮ ਦੇ ਪ੍ਰਚਾਰ ਲਈ ਅਹਿਮ ਭੂਮਿਕਾ ਨਿਭਾਈ। ਅਜਿਹੀ ਸ਼ਖ਼ਸੀਅਤ ਦਾ ਅਕਾਲ ਚਲਾਣਾ ਪਰਿਵਾਰ ਅਤੇ ਪੰਥ ਲਈ ਵੱਡਾ ਘਾਟਾ ਹੈ। ਐਡਵੋਕੇਟ ਧਾਮੀ ਨੇ ਸ. ਹਰਿੰਦਰ ਸਿੰਘ ਤਰਨ ਤਾਰਨੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।
ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਰਨਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਹੋਰ ਅਧਿਕਾਰੀਆਂ ਨੇ ਵੀ ਸਾਬਕਾ ਕਾਰਜਕਾਰੀ ਪ੍ਰਧਾਨ ਸ. ਹਰਿੰਦਰ ਸਿੰਘ ਤਰਨ ਤਾਰਨੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਪਰਿਵਾਰ ਨਾਲ ਦੁੱਖ ਜ਼ਾਹਿਰ ਕਰਦਿਆਂ ਕਰਤਾ ਪੁਰਖ ਅੱਗੇ ਵਿਛੜੀ ਰੂਹ ਨਮਿਤ ਅਰਦਾਸ ਕੀਤੀ।

# ਫੂਡ ਸੇਫਟੀ ਟੀਮ ਤਰਨਤਾਰਨ ਨੇ ਸਵੇਰੇ ਤੜਕੇ ਚੈਕਿੰਗ ਮੁਹਿੰਮ ਚਲਾਈ



## ਫੂਡ ਸੇਫਟੀ ਟੀਮ ਤਰਨਤਾਰਨ ਨੇ ਸਵੇਰੇ ਤੜਕੇ ਚੈਕਿੰਗ ਮੁਹਿੰਮ ਚਲਾਈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਕਮਿਸ਼ਨਰ ਤਰਨਤਾਰਨ ਸ਼੍ਰੀ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਸੁਖਬੀਰ ਕੌਰ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਤਰਨਤਾਰਨ ਅੱਜ ਫੂਡ ਸੇਫਟੀ ਟੀਮ ਤਰਨਤਾਰਨ ਨੇ ਸਵੇਰੇ ਤੜਕੇ ਚੈਕਿੰਗ ਮੁਹਿੰਮ ਚਲਾਈ ਅਤੇ ਤਰਨਤਾਰਨ.ਅੰਮ੍ਰਿਤਸਰ ਰੋਡ ਅਤੇ ਚੱਬਲ-ਤਰਨਤਾਰਨ ਰੋਡ 'ਤੇ ਦੁੱਧ ਲਿਜਾਣ ਵਾਲੇ ਵੱਖ-ਵੱਖ ਵਾਹਨਾਂ ਨੂੰ ਰੋਕਿਆ ਅਤੇ ਖਰੜ ਲੈਬ ਭੇਜਣ ਲਈ ਦੁੱਧ ਦੇ 5 ਨਮੂਨੇ ਇਕੱਠੇ ਕੀਤੇ ਗਏ ਅਤੇ ਟੀਮ ਨੇ ਵੱਖ-ਵੱਖ ਫਲਾਂ ਦੀਆਂ ਦੁਕਾਨਾਂ ਦੀ ਵੀ ਜਾਂਚ ਕੀਤੀ ਅਤੇ ਜਾਂਚ ਲਈ ਲੈਬ ਭੇਜਣ ਲਈ 5 ਵੱਖ-ਵੱਖ ਕਿਸਮਾਂ ਦੇ ਫਲ ਇਕੱਠੇ ਕੀਤੇ। ਸਾਰੇ FBOS ਨੂੰ ਸਫਾਈ ਬਣਾਈ ਰੱਖਣ ਅਤੇ ਬਚੋ ਮਿਲਾਵਟ ਗੈਰ-ਮਨਜ਼ੂਰਸ਼ੁਦਾ ਪਕਾਉਣ ਵਾਲੇ ਏਜੰਟਾਂ ਦੀ ਵਰਤੋਂ ਤੋਂ ਬਚਣ ਲਈ ਨਿਰਦੇਸ਼ ਦਿੱਤੇ ਗਏ ਅਤੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਲਈ ਸਾਰੇ FBOS ਨੂੰ ਆਪਣੀ ਸਫਾਈ ਅਤੇ ਰਜਿਸਟ੍ਰੇਸ਼ਨ/ਲਾਈਸੈਂਸ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਗਏ।



# ਸਵੈ-ਗਣਨਾ ਸਾਡਾ ਕਰਤੱਵ ਅਤੇ ਮਾਣ ਦੀ ਗੱਲ – ਡੀ.ਈ.ਓ ਰਾਜੀਵ ਛਾਬੜਾ



ਤਰਨ ਤਾਰਨ, 6 ਮਈ ( ) - ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ) ਤਰਨ ਤਾਰਨ ਰਾਜੀਵ ਕੁਮਾਰ ਛਾਬੜਾ ਵੱਲੋਂ ਜ਼ਿਲ੍ਹੇ ਦੇ ਸਮੂਹ ਸਿੱਖਿਆ ਅਧਿਕਾਰੀਆਂ, ਸਕੂਲ ਮੁਖੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਜਨਗਣਨਾ 2027 ਲਈ ਸਵੈ-ਗਣਨਾ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ।ਉਨ੍ਹਾਂ ਕਿਹਾ ਕਿ ਸਵੈ-ਗਣਨਾ ਇਕ ਆਧੁਨਿਕ ਅਤੇ ਆਸਾਨ ਪ੍ਰਕਿਰਿਆ ਹੈ, ਜਿਸ ਰਾਹੀਂ ਲੋਕ ਆਪਣੇ ਘਰ ਦੇ ਵੇਰਵੇ ਖੁਦ ਹੀ ਆਨਲਾਈਨ ਪੋਰਟਲ (se.census.gov.in) 'ਤੇ ਭਰ ਸਕਦੇ ਹਨ। ਇਹ ਪ੍ਰਕਿਰਿਆ ਬਿਲਕੁਲ ਸੌਖੀ ਹੈ ਅਤੇ ਇਸ ਲਈ ਕਿਸੇ ਵਿਸ਼ੇਸ਼ ਤਕਨੀਕੀ ਗਿਆਨ ਦੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਮਿਤੀ 30 ਅਪ੍ਰੈਲ ਤੋਂ 14 ਮਈ ਤੱਕ ਅਸੀਂ ਆਨਲਾਈਨ ਸਵੈ- ਗਣਨਾ ਕਰ ਸਕਦੇ ਹਾਂ ਅਤੇ ਜਨਗਣਨਾ ਅਧਿਨਿਯਮ 1948 ਦੇ ਤਹਿਤ ਜਾਣਕਾਰੀ ਪ੍ਰਦਾਨ ਕਰਨਾ ਲਾਜ਼ਮੀ ਵੀ ਹੈ।ਰਾਜੀਵ ਕੁਮਾਰ ਛਾਬੜਾ ਨੇ ਦੱਸਿਆ ਕਿ ਜੇ ਕਿਸੇ ਵਿਅਕਤੀ ਕੋਲ ਇੰਟਰਨੈੱਟ ਦੀ ਸਹੂਲਤ ਨਹੀਂ ਹੈ ਤਾਂ ਗਣਨਾਕਾਰ ਵੀ ਘਰ-ਘਰ ਜਾ ਕੇ ਜਾਣਕਾਰੀ ਇਕੱਠੀ ਕਰਨਗੇ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਸਵੈ-ਗਣਨਾ ਲਈ ਕੋਈ ਫੀਸ ਨਹੀਂ ਲੱਗਦੀ ਅਤੇ ਇਹ ਪ੍ਰਕਿਰਿਆ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਗੁਪਤ ਹੈ। ਨਾਗਰਿਕਾਂ ਦੀ ਜਾਣਕਾਰੀ ਸਿਰਫ਼ ਸਰਕਾਰੀ ਉਦੇਸ਼ਾਂ ਲਈ ਹੀ ਵਰਤੀ ਜਾਵੇਗੀ।ਉਨ੍ਹਾਂ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਜਦੋਂ ਕੋਈ ਵਿਅਕਤੀ ਆਪਣੀ ਜਾਣਕਾਰੀ ਦਰਜ ਕਰਦਾ ਹੈ ਤਾਂ ਉਸਨੂੰ ਇਕ ਐਸ.ਈ ਆਈ.ਡੀ ਪ੍ਰਾਪਤ ਹੁੰਦੀ ਹੈ, ਜਿਸ ਦੀ ਵਰਤੋਂ ਕਰਕੇ ਉਹ ਆਪਣੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਜਾਣਕਾਰੀ ਵੀ ਆਸਾਨੀ ਨਾਲ ਜੋੜ ਸਕਦਾ ਹੈ। ਜੇ ਐਸ.ਈ ਆਈ.ਡੀ ਭੁੱਲ ਜਾਵੇ ਤਾਂ ਇਸ ਨੂੰ ਪੋਰਟਲ 'ਤੇ ਰਜਿਸਟਰਡ ਮੋਬਾਈਲ ਨੰਬਰ ਰਾਹੀਂ ਮੁੜ ਪ੍ਰਾਪਤ ਕੀਤਾ ਜਾ ਸਕਦਾ ਹੈ।ਉਨ੍ਹਾਂ ਨੇ ਮਾਪਿਆਂ ਨੂੰ ਖਾਸ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੀ ਇਸ ਪ੍ਰਕਿਰਿਆ ਬਾਰੇ ਜਾਗਰੂਕ ਕਰਨ ਅਤੇ ਘਰ ਵਿੱਚ ਬੈਠੇ ਹੀ ਸਵੈ-ਗਣਨਾ ਕਰਕੇ ਦੇਸ਼ ਦੀ ਇਸ ਮਹੱਤਵਪੂਰਨ ਮੁਹਿੰਮ ਦਾ ਹਿੱਸਾ ਬਣਨ। ਅੰਤ ਵਿੱਚ, ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਨਾਗਰਿਕ ਟੋਲ ਫ਼ਰੀ ਨੰਬਰ 1855 'ਤੇ ਸੰਪਰਕ ਕਰ ਸਕਦੇ ਹਨ।
"ਚਲੋ ਨਿਭਾਈਏ ਆਪਣੀ ਜ਼ਿੰਮੇਵਾਰੀ, ਕਰੀਏ ਜਨਗਣਨਾ ਵਿੱਚ ਭਾਗੀਦਾਰੀ" ਦੇ ਸੁਨੇਹੇ ਨਾਲ ਉਨ੍ਹਾਂ ਨੇ ਸਭ ਨੂੰ ਇਸ ਅਭਿਆਨ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

